

## ਉਦਯੋਗਿਕ ਸਿਖਲਾਈ ਸੰਸਥਾ

ਹੁਸ਼ਿਆਰਪੁਰ ਜ਼ਿਲ੍ਹੇ ਵਿਚ 6 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਚਲ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਅਤੇ ਟਰੇਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1. | ਉਦਯੋਗਿਕ ਸਿਖਲਾਈ ਸੰਸਥਾ, ਹੁਸ਼ਿਆਰਪੁਰ | 1. ਇਲੈਕਟਰੀਸ਼ਨ 2. ਇਨਫਰਮੇਸ਼ਨ ਟੈਕਨਾਲੋਜੀ 3. ਰੈਫਰੀਜਿਰੇਸ਼ਨ ਏ.ਸੀ. ਮਕੈਨਿਕ 4. ਇਨਸਟਰੂਮੈਂਟ ਮਕੈਨਿਕ 5. ਨਕਸ਼ਾ ਨਵੀਸ ਸਿਵਲ 6. ਫਿਟਰ 7. ਟਰਨਰ 8. ਮਸ਼ੀਨਿਸਟ 9. ਮਸ਼ੀਨਿਸਟ ਗਰਾਈਂਡਰ 10. ਮਕੈਨਿਕ ਮੋਟਰ 11. ਡਰਾਈਵਰ-ਕਮ-ਮਕੈਨਿਕ 12. ਮਕੈਨਿਕ ਡੀਜ਼ਲ 13. ਮਕੈਨਿਕ ਟਰੈਕਟਰ 14. ਵੈਲਡਰ 15. ਪਲੰਬਰ 16. ਕਾਰਪੈਂਟਰ 17. ਫੋਰਜ਼ਰ ਐਂਡ ਹੀਟ ਟਰੀਟਰ 18. ਲੈਕਰ ਟਰਨਿੰਗ 19. ਆਈਵਰੀ ਇਨ ਲੇਅ 20. ਸਟੈਨੋਗ੍ਰਾਫੀ ਇੰਗਲਿਸ਼ |
| 2. | ਉਦਯੋਗਿਕ ਸਿਖਲਾਈ ਸੰਸਥਾ, ਲੜਕੀਆਂ, ਹੁਸ਼ਿਆਰਪੁਰ | 1. ਆਰਟ ਐਂਡ ਕਰਾਫਟ 2. ਕਟਿੰਗ ਟੇਲਰਿੰਗ 3. ਇਮਬਰਾਇਡਰੀ |
| 3. | ਉਦਯੋਗਿਕ ਸਿਖਲਾਈ ਸੰਸਥਾ, ਹਰਸੀ ਪਿੰਡ (ਟਾਂਡਾ) | 1. ਨਕਸ਼ਾ ਨਵੀਸ ਸਿਵਲ 2. ਇਲੈਕਟਰਾਨਿਕ ਮਕੈਨਿਕ 3. ਡਰੈਸ ਮੇਕਿੰਗ |
| 4. | ਉਦਯੋਗਿਕ ਸਿਖਲਾਈ ਸੰਸਥਾ, ਤਲਵਾੜਾ | 1. ਮੋਟਰ ਮਕੈਨਿਕ 2. ਡੀਜ਼ਲ ਮਕੈਨਿਕ 3. ਵੈਲਡਰ 4. ਕਾਰਪੈਂਟਰ 5. ਟਰਨਰ 6. ਫਿਟਰ 7. ਇਲੈਕਟਰੀਸ਼ਨ 8. ਡਰਾਫਟਸਮੈਨ ਸਿਵਲ 9. ਐਫ.ਐਚ.ਟੀ. 10. ਇਮਬੋਡਰੀ |
| 5. | ਉਦਯੋਗਿਕ ਸਿਖਲਾਈ ਸੰਸਥਾ, ਹਰਿਆਣਾ | 1. ਕਟਿੰਗ ਐਂਡ ਟੇਲਰਿੰਗ 2. ਸਟੈਨੋ ਪੰਜਾਬੀ 3. ਕਾਰਪੈਂਟਰ 4. ਇਲੈਕਟਰੀਸ਼ਨ 5. ਪ੍ਰਿੰਟਿੰਗ ਐਂਡ ਕੈਲੀਕੋ |
| 6. | ਉਦਯੋਗਿਕ ਸਿਖਲਾਈ ਸੰਸਥਾ (ਅਨੁਸੂਚਿਤ ਜਾਤੀ) ਗੜ੍ਹਸ਼ੰਕਰ | 1. ਮਕੈਨਿਕ ਮੋਟਰ 2. ਫਿਟਰ 3. ਟਰਨਰ 4. ਵੈਲਡਰ 5. ਕਾਰਪੈਂਟਰ 6. ਟਰੈਕਟਰ ਮਕੈਨਿਕ |

**ਦਾਖਲਾ** ਉਪਰੋਕਤ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਦਾਖਲਾ ਨਿਰੋਲ ਮੈਰਿਟ ਦੇ ਅਧਾਰ ਤੇ ਕੀਤਾ ਜਾਂਦਾ ਹੈ। ਜਿਸ ਅਨੁਸਾਰ 50% ਸੀਟਾਂ ਜਨਰਲ ਕੈਟਾਗਰੀ ਅਤੇ 50% ਸੀਟਾਂ ਰਿਜ਼ਰਵ ਕੈਟਾਗਰੀ ਨੂੰ ਦਿੱਤੀਆਂ ਜਾਂਦੀਆਂ ਹਨ। ਰਿਜ਼ਰਵ ਸੀਟਾਂ ਵਿਚੋਂ 25% ਸੀਟਾਂ ਅਨੁਸੂਚਿਤ ਜਾਤੀਆਂ ਲਈ ਅਤੇ ਬਾਕੀ ਰਹਿੰਦੀਆਂ 25% ਸੀਟਾਂ ਬਾਕੀ ਰਿਜ਼ਰਵ ਕੈਟਾਗਰੀ ਨੂੰ ਦਿੱਤੀਆਂ ਜਾਂਦੀਆਂ ਹਨ। ਦਾਖਲੇ ਲਈ ਸੀਟਾਂ ਸੰਸਥਾਵਾਂ ਵਿਚ ਹਰ ਸਾਲ ਘੱਟਦੀਆਂ ਵੱਧਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੀ ਪੂਰੀ ਜਾਣਕਾਰੀ ਸੰਸਥਾ ਦੇ ਪ੍ਰਿੰਸੀਪਲ ਪਾਸੋਂ ਮੌਕੇ ਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ

ਉਦਯੋਗਿਕ ਸਿਖਲਾਈ ਸੰਸਥਾ, ਗੜ੍ਹਸ਼ੰਕਰ ਸਿਰਫ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਵਾਸਤੇ ਹੀ ਸਿੱਖਿਆ ਪ੍ਰਦਾਨ ਕਰਦੀ ਹੈ।

**ਯੋਗਤਾ** ਉਪਰੋਕਤ ਸੰਸਥਾਵਾਂ ਵਿੱਚ ਚਲਦੀਆਂ ਟਰੇਡਾਂ ਦੇ ਦਾਖਲੇ ਲਈ ਘੱਟੋ-ਘੱਟ ਯੋਗਤਾ ਮੈਟਰਿਕ ਪੱਧਰ ਹੈ। ਮਕੈਨਿਕ ਡੀਜ਼ਲ, ਮਕੈਨਿਕ ਟਰੈਕਟਰ, ਵੈਲਡਰ, ਲੈਕਰ ਟਰਨਿੰਗ ਆਈਵਰੀ ਇਨ ਲੇਅ ਲਈ ਜੇਕਰ ਮੈਟਰਿਕ ਉਮੀਦਵਾਰ ਉਪਲੱਬਧ ਨਾ ਹੋਣ ਤਾਂ ਅੱਠਵੀਂ ਪਾਸ ਉਮੀਦਵਾਰਾਂ ਨੂੰ ਵੀ ਮੈਰਿਟ ਦੇ ਆਧਾਰ ਤੇ ਦਾਖਲਾ ਦਿੱਤਾ ਜਾਂਦਾ ਹੈ। ਉਚੇਰੀ ਸਿੱਖਿਆ ਵਾਲੇ ਉਮੀਦਵਾਰ ਨੂੰ ਦਾਖਲੇ ਦੀ ਮੈਰਿਟ ਸਮੇਂ ਮੈਟਰਿਕ ਦੇ ਨੰਬਰਾਂ ਦੀ ਮੈਰਿਟ ਜਮ੍ਹਾਂ ਉਹਨਾਂ ਦੀ ਉਚੇਰੀ ਸਿੱਖਿਆ +2 ਲਈ ਤਿੰਨ ਅਤੇ ਬੀ.ਏ. ਪਾਸ ਲਈ ਪੰਜ ਨੰਬਰ ਵਾਧੂ ਦਿੱਤੇ ਜਾਂਦੇ ਹਨ।

**ਵਜ਼ੀਫਾ** ਸੰਸਥਾ ਵਿਚ ਦਾਖਲ ਸਿਖਿਆਰਥੀਆਂ ਦੇ ਵਜ਼ੀਫਾ ਟੈਸਟ ਲੈ ਕੇ ਪਾਵਰਟੀ-ਕਮ-ਮੈਰਿਟ ਦੇ ਆਧਾਰ ਤੇ 33$^{1}/_{3}$ ਸਿਖਿਆਰਥੀਆਂ ਨੂੰ ਵਜ਼ੀਫਾ ਪ੍ਰਵਾਨ ਕੀਤਾ ਜਾਂਦਾ ਹੈ। ਜੇਕਰ ਜ਼ਿਲ੍ਹਾ ਪਲੈਨਿੰਗ ਬੋਰਡ ਵਲੋਂ ਵਜ਼ੀਫੇ ਲਈ ਫੰਡਜ਼ ਦਿੱਤੇ ਜਾਂਦੇ ਹਨ ਤਾਂ ਇਹ ਵਜ਼ੀਫਾ, ਵਜ਼ੀਫਾਧਾਰੀ ਸਿਖਿਆਰਥੀਆਂ ਨੂੰ 50/- ਰੁਪਏ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ। ਅਨੁਸੂਚਿਤ ਜਾਤੀ ਦੇ ਸਿਖਿਆਰਥੀਆਂ ਨੂੰ ਵਜ਼ੀਫਾ ਆਮਦਨ ਦੇ ਆਧਾਰ ਤੇ 45/- ਰੁਪਏ ਪ੍ਰਤੀ ਸਿੱਖਿਆਰਥੀ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ।